## ਦਫ਼ਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ, ਫ਼ਰੀਦਕੋਟ

Email: eepdfdtpwdpb@gmail.com

ਵੱਲ

ਪ੍ਰਿੰਸੀਪਲ,
ਡੀ.ਵੀ.ਐਮ. ਪਬਲਿਕ ਸਕੂਲ,
ਸਾਦਿਕ , ਜਿਲ੍ਹਾ ਫਰੀਦਕੋਟ ।

ਨੰ: DB/ 758

ਮਿਤੀ: 28/03/24

ਵਿਸ਼ਾ: ਸਾਲ 2023-24 ਲਈ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ। (ਡੀ.ਵੀ.ਐਮ. ਪਬਲਿਕ ਸਕੂਲ, ਸਾਦਿਕ, ਜ਼ਿਲ੍ਹਾ ਫ਼ਰੀਦਕੋਟ)।

ਉਪਰੋਕਤ ਵਿਸ਼ੇ ਅੰਕਿਤ ਸਕੂਲ ਦੀ ਇਮਾਰਤ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2023-24 ਲੈਣ ਲਈ ਆਪ ਵੱਲੋ ਇਸ ਦਫ਼ਤਰ ਵਿਖੇ ਪ੍ਰਾਪਤ ਹੋਇਆ ਹੈ। ਆਪ ਦੇ ਸਕੂਲ ਦੀ ਬਿਲਡਿੰਗ ਦਾ ਉਪ ਮੰਡਲ ਇੰਜੀਨੀਅਰ ਦੇ ਦਫ਼ਤਰ ਵੱਲੋਂ ਵਿਜ਼ੂਅਲੀ ਇੰਸਪੈਕਸ਼ਨ ਕੀਤੀ ਗਈ ਅਤੇ ਉਨ੍ਹਾਂ ਦੀ ਰਿਪੋਰਟ/ਸਿਫਾਰਿਸ਼ ਅਨੁਸਾਰ ਨਿਮਨਲਿਖਤ ਨਿਰੀਖਣਾਂ ਅਤੇ ਸ਼ਰਤਾਂ ਅਧੀਨ ਸਾਲ 2023-24 ਦਾ ਸਕੂਲ ਬਿਲਡਿੰਗ ਸੇਫਟੀ ਮਿਤੀ 31-03-2024 ਤੱਕ ਜਾਰੀ ਕੀਤਾ ਜਾਂਦਾ ਹੈ:-

1. ਸਕੂਲ ਕੋਲ ਕਿਸੇ ਅਣਸੁਖਾਵੀਂ ਆਪਦਾ ਨਾਲ ਨਜਿੱਠਣ ਲਈ ਯੋਜਨਾ ਹੋਣੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ ਦੌਰਾਨ ਬੱਚਿਆਂ ਨੂੰ ਬਿਲਡਿੰਗ ਵਿੱਚੋਂ ਸੁਰੱਖਿਅਤ ਬਾਹਰ ਕੱਢਣਾ ਅਤੇ ਸਬੰਧਿਤ ਵਿਭਾਗ ਨਾਲ ਤਾਲਮੇਲ ਕਰਨ ਦੀ ਯੋਜਨਾ ਹੋਣੀ ਚਾਹੀਦੀ ਹੈ। ਸਕੂਲ ਨੂੰ ਇਸ ਯੋਜਨਾ ਦੀ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਨਿਯਮਿਤ ਤੌਰ ਤੇ ਸਮੀਖਿਆ ਅਤੇ ਅਪਡੇਟ ਕਰਦੇ ਰਹਿਣਾ ਚਾਹੀਦਾ ਹੈ।
2. ਜੇਕਰ ਸਕੂਲ ਵੱਲੋਂ ਇਸ ਇਮਾਰਤ ਵਿੱਚ ਕੋਈ ਵਾਧਾ, ਤਬਦੀਲੀ, ਵਿਸਤਾਰ ਅਤੇ ਸੋਧ ਦੀ ਲੋੜ ਹੈ ਜਾਂ ਕੀਤੇ ਜਾਣੇ ਹਨ ਤਾਂ ਇਸ ਦਫ਼ਤਰ ਨੂੰ ਤਰੰਤ ਜਾਂਚ ਦਾ ਪ੍ਰਬੰਧ ਕੀਤੀ ਜਾਣਾ ਚਾਹੀਦਾ ਹੈ ਅਤੇ ਉਸ ਹਿੱਸੇ ਨੂੰ ਮੁਕੰਮਲ ਕਰਕੇ ਉਸਦਾ ਸੇਫਟੀ ਸਰਟੀਫਿਕੇਟ ਇਸ ਦਫ਼ਤਰ ਪਾਸੋਂ ਫਿਰ ਤੋਂ ਲਿਆ ਜਾਵੇ।
3. ਜੇਕਰ ਬਿਲਡਿੰਗ ਦੀਆਂ ਕੰਧਾਂ, ਨੀਹਾਂ ਅਤੇ ਛੱਤਾਂ ਕੁਦਰਤੀ ਆਫਤ ਜਾਂ ਕਿਸੇ ਹੋਰ ਕਾਰਨ ਕਰਕੇ ਬੈਠ ਜਾਣ ਤਾਂ ਇਸ ਸੂਰਤ ਵਿੱਚ ਸਕੂਲ ਵੱਲੋਂ ਇਸ ਦਫ਼ਤਰ ਨੂੰ ਤੁਰੰਤ ਬਿਲਡਿੰਗ ਦੀ ਹਾਲਤ ਬਾਰੇ ਸੂਚਿਤ ਕੀਤਾ ਜਾਵੇ ਅਤੇ ਨਿਰੀਖਣ ਕਰਵਾਉਣ ਉਪਰੰਤ ਹੀ ਬਿਲਡਿੰਗ ਨੂੰ ਵਰਤੋਂ ਵਿੱਚ ਲਿਆ ਜਾਵੇ।
4. ਸਬੰਧਿਤ ਵਿਭਾਗ ਤੋਂ ਵੱਖਰੇ ਤੌਰ ਤੇ ਫਾਇਰ ਸੇਫਟੀ ਅਤੇ ਇਲੈਕਟ੍ਰੀਕਲ ਸੇਫਟੀ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ।
5. ਸਕੂਲ ਬਿਲਡਿੰਗ ਦੀ ਸੇਫਟੀ ਨੂੰ ਮੁੱਖ ਰੱਖਦੇ ਹੋਏ ਬਿਲਡਿੰਗ ਦੀ ਰਿਪੇਅਰ ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਪ੍ਰਬੰਧਨ ਦੀ ਹੈ। ਇਸ ਰਿਪੋਰਟ ਦੇ ਬਾਵਜੂਦ ਸਕੂਲ ਪ੍ਰਬੰਧਨ ਸਾਰੇ ਪੱਖਾਂ ਤੋਂ ਬਿਲਡਿੰਗ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ।
6. ਨਿਰਮਾਣ ਆਰਕੀਟੈਕਟਸ (ਯੂਨੀਕ ਕਰੀਏਸ਼ਨ) ਵੱਲੋਂ ਮਿਤੀ 26.05.2022 ਨੂੰ ਸਟਰੱਕਚਰ ਸੁਰੱਖਿਆ ਸਰਟੀਫਿਕੇਟ ਦਿੱਤਾ ਗਿਆ ਹੈ ਅਤੇ ਉਹਨਾਂ ਦੇ ਸਰਟੀਫਿਕੇਟ ਅਨੁਸਾਰ ਸਕੂਲ ਸੈਸ਼ਨ 2023-24 ਲਈ ਵਰਤੋਂ ਲਈ ਸੁਰੱਖਿਅਤ ਹੈ, ਪਰੰਤੂ ਇਸ ਸਕੂਲ ਦਾ ਨਿਰਮਾਣ ਇਸ ਵਿਭਾਗ ਵੱਲੋਂ ਨਹੀਂ ਕੀਤਾ ਗਿਆ ਹੈ, ਇਸ ਲਈ ਇਸ ਵਿਭਾਗ ਦੁਆਰਾ ਸਕੂਲ ਦੀ ਸਟਰੱਕਚਰ ਸੇਫਟੀ ਖਾਸ ਕਰਕੇ ਭੂਚਾਲ ਦੇ ਦ੍ਰਿਸ਼ਟੀਕੋਣ ਤੋਂ ਯਕੀਨੀ ਨਹੀਂ ਬਣਾਈ ਜਾ ਸਕਦੀ ਹੈ।
7. ਸਕੂਲ ਨੂੰ ਸਟਾਫ ਮੈਂਬਰਾਂ ਨੂੰ ਉਚਿਤ ਸੁਰੱਖਿਆ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਵਿੱਚ ਐਮਰਜੈਂਸੀ,ਫਸਟ ਏਡ ਅਤੇ ਨਿਕਾਸੀ ਪ੍ਰੋਟੋਕੋਲ ਨੂੰ ਸੰਭਾਲਣ ਦੀਆਂ ਪ੍ਰਕਿਰਿਆਵਾਂ ਵੀ ਸ਼ਾਮਿਲ ਹਨ।
8. ਸਕੂਲ ਦੇ ਕਵਰਡ ਏਰੀਏ ਦੇ ਹਿਸਾਬ ਨਾਲ ਜੀ.ਆਰ. ਨੰਬਰ 7504239 ਮਿਤੀ 10.08.2023 ਰਾਹੀਂ ਦਸ ਹਜ਼ਾਰ ਰੁਪਏ (10,000/-) ਬਿਲਡਿੰਗ ਨਿਰੀਖਣ ਫੀਸ ਵੱਜੋਂ ਪ੍ਰਾਪਤ ਕੀਤੇ। ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ 07.06.2024 ਤੱਕ ਵੈਲਿਡ ਹੈ ਅਤੇ ਸਕੂਲ ਪ੍ਰਬੰਧਨ ਸਮੇਂ ਸੀਮਾਂ ਅੰਦਰ ਫਾਇਰ ਸਰਟੀਫ਼ਿਕੇਟ ਰੀਨਿਊ ਕਰਵਾਉਣ ਲਈ ਜ਼ਿੰਮੇਵਾਰ ਹੋਵੇਗਾ।
9. ਇਸ ਪੱਤਰ/ਸਰਟੀਫਿਕੇਟ ਦਾ ਸਕੂਲ ਦੀ ਜਗ੍ਹਾ ਦੀ ਮਲਕੀਅਤ ਨਾਲ ਕੋਈ ਸਬੰਧ ਨਹੀਂ ਹੈ।
10. ਇਸ ਪੱਤਰ/ਸਰਟੀਫਿਕੇਟ ਦਾ ਸਕੂਲ ਦੇ ਪਲਾਟ ਏਰੀਏ ਦਾ ਕੋਈ ਸਬੰਧ ਨਹੀਂ ਹੈ।
11. ਇਸ ਮਨਜ਼ੂਰੀ ਦਾ ਸ਼ਡਿਊਲਡ ਰੋਡ ਐਕਟ ਨਾਲ ਕੋਈ ਸਬੰਧ ਨਹੀਂ ਹੈ।
12. ਇਹ ਰਿਪੋਰਟ ਕਾਨੂੰਨੀ ਉਦੇਸ਼ ਲਈ ਵੈਲਿਡ ਨਹੀਂ ਹੈ।
13. ਇਹ ਸਕੂਲ ਫਿਰੋਜ਼ਪੁਰ ਰੋਡ ਤੋਂ ਸਾਧੂ ਵਾਲਾ ਲਿੰਕ ਰੋਡ ਉੱਪਰ ਸਥਿਤ ਹੈ। ਇਸ ਲਈ ਸਕੂਲ ਦੇ ਪ੍ਰਿੰਸੀਪਲ ਵੱਲੋਂ ਸਵੈ ਘੋਸ਼ਣਾ ਦਿੱਤੀ ਗਈ ਹੈ ਕਿ ਰੋਡ ਅਸੈਸ ਫੀਸ ਸਬੰਧੀ ਸਕੂਲ ਸੰਸਥਾਵਾਂ ਦਾ ਕੋਰਟ ਕੇਸ ਚੱਲ ਰਿਹਾ ਹੈ, ਜਿਸ ਦਾ ਅੰਤਿਮ ਫੈਸਲਾ ਸਕੂਲ ਮੰਨਣ ਦਾ ਪਾਬੰਦ ਹੋਵੇਗਾ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭਤੇਮ ਸ਼ਾਖਾ,
ਫਰੀਦਕੋਟ।

ਪਿੱਠ ਅੰਕਣ ਨੰ 759

ਮਿਤੀ 28/03/2024

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਭ ਤੇ ਮ ਸ਼ਾਖਾ, ਫਰੀਦਕੋਟ ਨੂੰ ਉਨ੍ਹਾਂ ਦੇ ਪੱਤਰ ਨੰਬਰ 2[illegible] ਮਿਤੀ 26.03.2024 ਦੇ ਹਵਾਲੇ ਵਿੱਚ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਭਤੇਮ ਸ਼ਾਖਾ,
ਫਰੀਦਕੋਟ।